# ਸੰਕਟ ਹੈ ਸੰਕਟ ਨਹੀਂ ਹੈ

(ਚਾਰ ਆਦਮੀ ਆਪਣੇ-ਆਪਣੇ ਕੰਮਾਂ 'ਤੇ ਲਗੇ ਹੋਏ ਹਨ।
ਤੇ ਰਾਜੇ ਬਾਰੇ ਗਲਾਂ ਕਰ ਰਹੇ ਹਨ।)

1 : ਸੁਣਿਐ ਦੇਸ਼ ਸੰਕਟ ਵਿਚ ਏ
2 : ਮੈਂ ਤਾਂ ਸੁਣਿਐ ਰਾਜਾ ਸੰਕਟ ਵਿਚ ਏ
3 : ਜੇ ਰਾਜਾ ਸੰਕਟ ਵਿਚ ਹੋਇਆ ਤੇ ਦੇਸ਼ ਆਪੇ ਸੰਕਟ ਵਿਚ ਹੋਇਆ ਤਾਂ ਲੋਕ ਆਪੇ ਸੰਕਟ ਵਿਚ ਹੋਏ।
4 : ਰਾਜਾ ਸੰਕਟ ਵਿਚ ਏ
ਸਾਰੇ : ਹਾਂ ਹਾਂ ਸੰਕਟ ਵਿਚ ਏ
4 : ਉਹ ਬੜਾ ਹੈਰਾਨ ਏ
ਸਾਰੇ : ਹਾਂ ਹਾਂ ਹੈਰਾਨ ਏ
4 : ਉਹ ਬੜਾ ਪਰੇਸ਼ਾਨ ਏ
ਸਾਰੇ : ਹਾਂ ਹਾਂ ਪਰੇਸ਼ਾਨ ਏ
4 : ਰਾਜਾ ਸੰਕਟ ਵਿਚ ਏ
ਸਾਰੇ : ਹੋਣ ਦਿਓ
4 : ਰਾਜਾ ਬੜਾ ਪਰੇਸ਼ਾਨ ਏ
ਸਾਰੇ : ਹੋਣ ਦਿਓ
4 : ਪਰ ਅਸਾਂ ਵਿਚੋਂ ਕੀ ਦੇਣਾ ਲੈਣਾ - ਘਾਈਆਂ ਦੇ ਪੁੱਤ ਘਾਈ ਰਹਿਣਾ
1 : ਪਰ ਇਕ ਸਵਾਲ ਏ
2 : ਕੀ ?
3 : ਕੀ ਅਸੀਂ ਵਾਕਈ ਸੰਕਟ ਵਿਚ ਹਾਂ ?
1 : ਸਾਡੇ 'ਤੇ ਕੋਈ ਨਵਾਂ ਸੰਕਟ ਪਿਆ ?
2 : ਕੀ ਤੈਨੂੰ ਕਦੀ ਵੀ ਰਜਵੀਂ ਰੋਟੀ ਮਿਲਦੀ ਏ ?
1 : ਉਹ ਤੇ ਕਦੇ ਵੀ ਨਹੀਂ ਮਿਲੀ।
2 : ਕੀ ਤੇਰੇ ਬੱਚਿਆਂ ਨੂੰ ਚੰਗਾ ਕਪੜਾ ਪਾਉਣ ਲਈ ਮਿਲਦੈ ?
3 : ਉਹ ਤੇ ਕਦੀ ਵੀ ਨਹੀਂ ਮਿਲਦਾ।
4 : ਫੇਰ ਤੁਹਾਡੇ 'ਤੇ ਨਵਾਂ ਸੰਕਟ ਕਿਹੜਾ ਆ ਗਿਐ ?
ਸਾਰੇ : ਕੋਈ ਵੀ ਨਹੀਂ।

4 : ਇਹਦਾ ਮਤਲਬ ਅਸੀਂ ਸੰਕਟ ਵਿਚ ਨਹੀਂ ਸਿਰਫ ਰਾਜਾ ਸੰਕਟ ਵਿਚ ਏ

1 : ਕਹਿੰਦੇ ਨੇ ਰਾਜੇ ਨੇ ਪਰਚੀਆਂ ਪਾਉਣ ਵੇਲੇ ਦਗਾ ਕੀਤਾ

4 : ਰਾਜੇ ਹਮੇਸ਼ਾਂ ਦਗਾ ਕਰਦੇ ਨੇ

2 : ਪਰਚੀਆਂ ਦਾ ਥੱਬਾ ਉਸਨੇ ਆਪਣੇ ਬਕਸੇ ਵਿਚ ਪਾ ਲਿਆ

3 : ਮਤਲਬ ਰਾਜਾ ਬੇਈਮਾਨ ਏ।

4 : ਰਾਜੇ ਹਮੇਸ਼ਾਂ ਬੇਈਮਾਨ ਹੁੰਦੇ ਨੇ।

1 : ਰਾਜੇ ਦੀ ਕਚੈਹਰੀ ਨੇ ਆਪ ਫਤਵਾ ਦਿੱਤਾ।

2 : ਕੀ ?

1 : ਰਾਜੇ ਨੇ ਭ੍ਰਿਸ਼ਟਾਚਾਰ ਕੀਤਾ।

3 : ਕੀ ਰਾਜਾ ਭ੍ਰਿਸ਼ਟਾਚਾਰੀ ਏ ?

4 : ਰਾਜੇ ਹਮੇਸ਼ਾਂ ਭ੍ਰਿਸ਼ਟਾਚਾਰੀ ਹੁੰਦੇ ਨੇ – ਪਰ ਮੈਂ ਤੇ ਸੁਣਿਐ ਰਾਜਾ ਸੰਕਟ ਵਿਚ ਏ

ਸਾਰੇ : ਹਾਂ ਹਾਂ ਸੰਕਟ ਵਿਚ ਏ

4 : ਉਹ ਬੜਾ ਹੈਰਾਨ ਏ

ਸਾਰੇ : ਹਾਂ ਹਾਂ ਹੈਰਾਨ ਏ

4 : ਉਹ ਬੜਾ ਪਰੇਸ਼ਾਨ ਏ

ਸਾਰੇ : ਹਾਂ ਹਾਂ ਪਰੇਸ਼ਾਨ ਏ

4 : ਰਾਜਾ ਸੰਕਟ ਵਿਚ ਏ

ਸਾਰੇ : ਹੋਣ ਦਿਓ

4 : ਉਹ ਬੜਾ ਹੈਰਾਨ ਏ

ਸਾਰੇ : ਹੋਣ ਦਿਓ

4 : ਉਹ ਬੜਾ ਪਰੇਸ਼ਾਨ ਏ

ਸਾਰੇ : ਹੋਣ ਦਿਓ

4 : ਪਰ ਅਸੀਂ ਵਿਚੋਂ ਕੀ ਦੇਣਾ ਲੈਣਾ ਘਾਈਆਂ ਦੇ ਪੁੱਤ ਘਾਈ ਰਹਿਣਾ

*(ਇੰਨੇ ਚਿਰ ਵਿਚ ਇਕ ਢੰਡੋਰਚੀ ਦੇ ਰੂਪ ਵਿਚ ਆਉਂਦਾ ਏ।)*

1 : ਕਿਉਂ ਕਿਧਰੇ ਅੱਗ ਲੱਗ ਗਈ ਏ ?

2 : ਕੋਈ ਤੁਫਾਨ ਆ ਗਿਆ ਏ ?

3 : ਕੋਈ ਹੜ੍ਹ ਆ ਗਿਆ ਏ ?

4 : ਕੋਈ ਝੱਖੜ ਝੁਲਿਆ ਏ ?

ਢੰਡੋਰਚੀ : ਕੋਈ ਅੱਗ ਨਹੀਂ ਲੱਗੀ

ਸਾਰੇ : ਸ਼ੁਕਰ ਹੈ

ਢੰਡੋਰਚੀ : ਕੋਈ ਤੁਫਾਨ ਨਹੀਂ ਆਇਆ
ਸਾਰੇ : ਰੱਬ ਦਿਆਲ ਏ
ਢੰਡੋਰਚੀ : ਕੋਈ ਹੜ੍ਹ ਨਹੀਂ ਆਇਆ
ਸਾਰੇ : ਵਾਹਿਗੁਰੂ ਦਇਆਵਾਨ ਏ
ਢੰਡੋਰਚੀ : ਕੋਈ ਝੱਖੜ ਨਹੀਂ ਝੁਲਿਆ
ਸਾਰੇ : ਅੱਲ੍ਹਾ ਮੇਹਰਬਾਨ ਏ
ਢੰਡੋਰਚੀ : ਹਾਂ ਹਾਂ ਅੱਲ੍ਹਾ ਮੇਹਰਬਾਨ ਏ
4 : ਫੇਰ ਵੜਿਆ ਤੇਰੇ ਵਿਚ ਕਿਉਂ ਸ਼ੈਤਾਨ ਏ ?
ਢੰਡੋਰਚੀ : ਰਾਜੇ ਦਾ ਐਲਾਨ ਏ, ਦੇਸ਼ ਵਿਚ ਸੰਕਟ ਕਾਲ ਹੈ – ਦੇਸ਼ ਧਰੋਈਆਂ ਦੇਸ਼ ਨੂੰ ਹੈ ਘੇਰਿਆ – ਦੇਸ਼ ਨੂੰ ਹੈ ਖਤਰਾ
4 : ਲਭੋ ਫਿਰ ਕੁਰਬਾਨੀ ਲਈ ਕੋਈ ਬੱਕਰਾ
ਢੰਡੋਰਚੀ : ਦੇਸ਼ ਵਿਚ ਸੰਕਟਕਾਲ ਹੈ – ਇਹੋ ਅੱਜ ਦਾ ਐਲਾਨ ਹੈ – ਅੱਜ ਤੋਂ ਜਲਸੇ ਬੰਦ, ਜਲੂਸ ਬੰਦ
4 : ਕਾਲਜ ਬੰਦ ਸਕੂਲ ਬੰਦ
ਢੰਡੋਰਚੀ : ਹੜਤਾਲ ਬੰਦ, ਬਿਆਨ ਬੰਦ
4 : ਅੱਖਾਂ ਬੰਦ, ਜੁਬਾਨ ਬੰਦ
ਢੰਡੋਰਚੀ : ਦੇਸ਼ ਵਿਚ ਸੰਕਟਕਾਲ ਹੈ, ਇਹ ਰਾਜੇ ਦਾ ਐਲਾਨ ਹੈ।

*(ਢੰਡੋਰਚੀ ਜਾਂਦਾ ਹੈ, ਤੇ ਦੋ ਹੋਰ ਝੋਲੀ ਚੁੱਕ ਰਾਜੇ ਨੂੰ ਬੜੇ ਆਦਰ ਨਾਲ ਲਿਆਉਂਦੇ ਹਨ।)*

ਰਾਜਾ : ਕਿਉਂ ਦੇਸ਼ ਦਾ ਕੀ ਹਾਲ ਹੈ ?
1 : ਜੀ ਸੰਕਟਕਾਲ ਹੈ
2 : ਵੀਹ ਨੁਕਤਿਆਂ ਦੀ ਕਮਾਲ ਹੈ
ਰਾਜਾ : ਕੋਈ ਗੜਬੜ ਤਾਂ ਨਹੀਂ ?
1 : ਗੜਬੜ ਸਾਰੀ ਸਾਰੀ ਸਾਹ ਘੁੱਟ ਰਹੀ ਏ
2 : ਗੜਬੜ ਸਾਰੀ ਦੁਹੱਥੀ ਪਿੱਟਰਹੀ ਏ
1 : ਗੜਬੜ ਸਾਰੀ ਕਾਬੂ ਵਿਚ ਏ
2 : ਗੜਬੜ ਸਾਰੀ ਜੇਲ੍ਹੀਂ ਬੰਦ ਏ
ਰਾਜਾ : ਗੜਬੜ ਉਥੇ ਕੀ ਕਰ ਰਹੀ ਏ ?
1 : ਗੜਬੜ ਸਾਰੀ ਚੱਕੀ ਪੀਸ ਰਹੀ ਏ
2 : ਕੰਧਾ 'ਤੇ ਦਿਨ ਲੀਕ ਰਹੀ ਏ
1 : ਗੜਬੜ ਸਾਰੀ ਰੋ ਰਹੀ ਏ
2 : ਗੜਬੜ ਸਾਰੀ ਚੀਕ ਰਹੀ ਏ

ਰਾਜਾ : ਹੋਰ ਕੋਈ ਖ਼ਬਰ ?

1 : ਰਾਜੇ ਦੀ ਜੈ ਜੈ ਕਾਰ ਏ

2 : ਬੜਾ ਸਿਆਣਾ ਰਾਜ ਕੁਮਾਰ ਏ

1 : ਵੱਡੀ ਉਸਦੀ ਅਕਲ ਏ

4 : ਛੋਟੀ ਉਸਦੀ ਕਾਰ ਏ

1 : ਯਾਰਾਂ ਦਾ ਯਾਰ ਹੈ

4 : ਉਹਨੂੰ ਕੁੜੀਆਂ ਨਾਲ ਪਿਆਰ ਏ

1 : ਦੇਣ ਉਸਦੀ ਮਹਾਨ ਹੈ

4 : ਪੰਜ ਨੁਕਤੀਆਂ ਦੀ ਸ਼ਾਨ ਹੈ

1 : ਜੇ ਜੇ ਸੰਕਟ ਕਾਲ ਏ

2 : ਚੰਗਾ ਦੇਸ਼ ਦਾ ਹਾਲ ਏ

1 : ਇਕੋ ਜਹੀ ਆ ਖਬਰਾਂ

4 : ਕਹਿ ਰਹੀ ਹਰ ਅਖ਼ਬਾਰ ਏ

ਰਾਜਾ : ਗਰੀਬੀ ਹਟਾਓ ਨਾਅਰੇ ਦਾ ਕੀ ਹਾਲ ਏ

1 : ਬੜਾ ਚੰਗਾ ਹਾਲ ਏ ਪਰ ਕਦੋਂ ਮਿਲੇਗੀ ਉਹਨਾਂ ਨੂੰ ਰੋਟੀ ਲੋਕਾਂ ਦਾ ਇਹ ਸਵਾਲ ਹੈ

ਰਾਜਾ : ਤਾਂ ਫੇਰ ਕਰੋ ਐਲਾਨ ਰਾਜਾ ਦੇਸ਼ ਨੂੰ ਅੱਜ ਦੇਵੇਗਾ ਅਹਿਮ ਪੈਗਾਮ

*(ਤਿੰਨੇ ਝੋਲੀ ਚੁੱਕ ਰਾਜੇ ਨੂੰ ਬੜੇ ਆਦਰ ਨਾਲ ਛੱਡ ਆਉਂਦੇ ਹਨ।)*

ਢੰਡੋਰਚੀ : ਸੁਣ ਲਓ ਹਰ ਇਕ ਭੈਣ ਤੇ ਭਾਈ
ਸੁਣ ਲਓ ਹਰ ਇਕ ਬਾਪ ਤੇ ਮਾਈ, ਸੁਣ ਲਓ ਹਰ ਇਕ ਬੱਚਾ-ਬੁੱਢਾ
ਸੁਣ ਲਓ ਹਰ ਇਕ ਕੁੜੀ-ਮੁੰਡਾ
ਰਾਜਾ ਅੱਜ ਦੇਸ਼ ਨੂੰ ਦੇਵੇਗਾ ਅਹਿਮ ਪੈਗਾਮ

*(ਰਾਜਾ ਆਉਂਦਾ ਏ ਤੇ ਦੋ ਝੋਲੀ ਚੁੱਕ ਉਹਦੇ ਮਗਰ ਹਨ, ਉਨਾਂ 'ਤੇ ਖਲੋਕੇ ਗੱਲ ਕਰਦਾ ਹੈ।)*

ਦੇਸ਼ ਵਾਸੀਓ, ਸਾਡਾ ਦੇਸ਼ ਗਰੀਬ ਏ, ਕਿਉਂਕਿ ਇਥੇ ਜਨਸੰਖਿਆ ਬਹੁਤ ਏ - ਇਹ ਵੀਹਵੀਂ ਸਦੀ ਹੈ। ਇਹ ਮਸ਼ੀਨ ਦਾ ਯੁੱਗ ਏ, ਜਿਸ ਚੀਜ਼ ਦੀ ਪੈਦਾਇਸ਼ ਰੋਕਦੀ ਹੋਵੇ ਉਹ ਮਸ਼ੀਨ ਬੰਦ ਕਰ ਦਿਓ। ਇਸ ਲਈ ਅੱਜ ਤੋਂ ਬਾਅਦ ਮੇਰਾ ਹੁਕਮ ਹੈ ਕਿ ਬੱਚੇ ਪੈਦਾ ਕਰਨ ਵਾਲੀ ਮਸ਼ੀਨ ਬੰਦ।

*(ਤਿੰਨੇ ਚੋਲੀ ਚੁੱਕ ਬਾਦਸ਼ਾਹ ਨੂੰ ਛੱਡ ਕੇ ਆਉਂਦੇ ਹਨ।)*

ਤਿੰਨੇ ਚੋਲੀ ਚੁੱਕ : ਸੰਕਟ ਕਾਲ
ਬੰਦ ਮਸ਼ੀਨ, ਸੰਕਟ ਕਾਲ ਬੰਦ ਮਸ਼ੀਨ, ਸੰਕਟ ਕਾਲ ਬੰਦ ਬਿਆਨ – ਸੰਕਟ ਕਾਲ ਬੰਦ ਅਖ਼ਬਾਰ – ਸੰਕਟ ਕਾਲ

*(ਨਸਬੰਦੀ ਆਪ੍ਰੇਸ਼ਨ ਦਾ ਸੀਨ – ਲੋਕਾਂ ਨੂੰ ਘਸੀਟ ਘਸੀਟ ਕੇ ਲਿਜਾਇਆ ਜਾਂਦਾ ਹੈ।)*

*(ਤਿੰਨ ਚੋਲੀ ਚੁੱਕ ਬਾਦਸ਼ਾਹ ਨਾਲ ਫਿਰ ਆਉਂਦੇ ਹਨ।)*

ਰਾਜਾ : ਕੀ ਸਭ ਠੀਕ ਠਾਕ ਨੇ ?

ਸਾਰੇ : ਜੀ ਸਭ ਠੀਕ ਠਾਕ ਏ।

ਰਾਜਾ : ਮੈਂ ਕੁਝ ਸੋਚਿਐ

ਸਾਰੇ : ਬੜਾ ਚੰਗਾ ਸੋਚਿਐ

ਰਾਜਾ : ਪਰ ਮੈਂ ਕੀ ਸੋਚਿਐ ?

ਸਾਰੇ : ਪਤਾ ਨਹੀਂ ਕੀ ਸੋਚਿਐ।

ਰਾਜਾ : ਫਿਰ ਤੁਸੀਂ ਕਿਉਂ ਕਿਹਾ ਚੰਗਾ ਸੋਚਿਐ ?

ਸਾਰੇ : ਕਿਉਂਕਿ ਤੁਸੀਂ ਜੋ ਸੋਚਿਆ, ਸਦਾ ਚੰਗਾ ਹੀ ਸੋਚਿਐ।

ਰਾਜਾ : ਦੁਨੀਆਂ ਕਹਿੰਦੀ ਏ ਦੇਸ਼ ਵਿਚ ਤਾਨਾਸ਼ਾਹੀ ਏ

ਸਾਰੇ : ਦੁਨੀਆ ਝੂਠ ਕਹਿੰਦੀ ਏ– ਕੁਫਰ ਤੋਲਦੀ ਏ

ਰਾਜਾ : ਪਰ ਦੁਨੀਆ ਦਾ ਮੂੰਹ ਬੰਦ ਹੈ ਕਰਨਾ

ਸਾਰੇ : ਹਾਂ ਜੀ ਹਾਂ ਜੀ ਬੰਦ ਹੈ ਕਰਨਾ

ਰਾਜਾ : ਤਾਂ ਫਿਰ ਕਰੋ ਐਲਾਨ

ਸਾਰੇ : ਕੀ ਕਰੀਏ ਐਲਾਨ

ਰਾਜਾ : ਪਰਚੀਆਂ ਹੁਣ ਫੇਰ ਪੈਣਗੀਆਂ, ਚੋਣਾਂ ਹੁਣ ਫੇਰ ਹੋਣਗੀਆਂ।

*(ਰਾਜਾ ਜਾਂਦਾ ਹੈ)*

ਢੰਡੋਰਚੀ : ਸੁਣ ਲਓ ਹੁਣ ਜਨਤਾ ਸਾਰੀ ਹਰ ਇਕ ਨਰ ਤੇ ਹਰ ਇਕ ਨਾਰੀ ਭਾਂਵੇ ਹੈ ਉਹ ਪੁੱਤਰਾਂ ਵਾਲੀ ਭਾਂਵੇ ਹੈ ਕਵਾਰੀ, ਭਾਂਵੇ ਉਹ ਸੱਜਣ ਨਾਲ ਰੁੱਸੀ, ਭਾਂਵੇ ਉਹ ਹੈ ਧੀ ਨੂੰ ਪਿਆਰੀ – ਪਰਚੀਆਂ ਹੁਣ ਫੇਰ ਪੈਣਗੀਆਂ – ਚੋਣਾਂ ਹੁਣ ਫੇਰ ਹੋਣਗੀਆਂ।
ਪਾ ਲਓ ਧੋਤੀ – ਕੱਸ ਲਓ ਲੰਗੋਟੀ – ਹੋ ਜਾਓ ਹੁਣ ਸਭ ਤਿਆਰ – ਦੱਸ ਦੇਵੋ ਦੁਨੀਆਂ ਨੂੰ ਹੈ ਰਾਜੇ ਨਾਲ ਕਿੰਨਾ ਤੁਹਾਡਾ ਪਿਆਰ – ਹੈ ਅੱਖ ਦਾ ਤਾਰਾ ਰਾਜਕੁਮਾਰ

*(ਲੋਕ ਉਠਦੇ ਹਨ)*

ਲੋਕ : ਪਰਚੀਆਂ ਹੁਣ ਫੇਰ ਪੈਣਗੀਆਂ – ਚੋਣਾਂ ਹੁਣ ਫੇਰ ਹੋਣਗੀਆਂ –

ਹਾਂ ਹਾਂ ਚੋਣਾਂ ਹੁਣ ਫੇਰ ਹੋਣਗੀਆਂ, ਫੇਰ ਹੁਣ ਹੈ ਮੌਕਾ ਹੋਵੋ ਤਿਆਰ – ਬਾਹਵਾਂ ਚੁੱਕ ਲੋ – ਝੰਡੇ ਚੁੱਕ ਲੋ – ਖੰਡੇ ਚੁੱਕ ਲੋ – ਡੰਡੇ ਚੁੱਕ ਲੋ, ਦਸ ਦੇਵੋ ਇਸ ਦੁਨੀਆਂ ਨੂੰ ਹੈ ਰਾਜੇ ਨਾਲ ਨਹੀਂ ਪਿਆਰ– ਹੈ ਅੱਖ ਦਾ ਤਾਰਾ ਨਹੀਂ – ਹੈ ਅੱਖ ਦਾ ਕੰਡਾ ਰਾਜ ਕੁਮਾਰ

*(ਚੋਣਾਂ ਦਾ ਸੀਨ)*

*(ਲੋਕ ਜਲੂਸ ਕੱਢਦੇ ਹਨ)*

ਐ ਕੀ ਹੋਇਆ – ਰਾਜਾ ਮੋਇਆ – ਰਾਜਾ ਕਿਹੜਾ ? ਹੰਕਾਰੀ ਜਿਹਾ – ਜਿਨ੍ਹੂੰ ਚੜ੍ਹੀ ਖੁਮਾਰੀ, ਜਿੰਨੇ ਖਲਕਤ ਮਾਰੀ, ਬੇਦੋਸ਼ੇ ਮਾਰੇ – ਜੇਲ੍ਹੀ ਸਾੜੇ – ਅੱਜ ਉਹੋ ਹੋਇਆ – ਰਾਜਾ ਮੋਇਆ ਹੋਰ ਕੀ ਹੋਇਆ – ਪੁੱਤ ਰਾਜੇ ਦਾ, ਨਾਲ ਹੀ ਮੋਇਆ – ਪੁੱਤ ਸੀ ਜੋ, ਭਾਰ ਲੋਕਾਂ 'ਤੇ ਹੋਇਆ ਬਦੋਬਦੀ, ਬਵਾਰ ਲੋਕਾਂ 'ਤੇ – ਜਿੰਨੇ ਘਰ ਸਨ ਢਾਏ ਨਸਬੰਦੀ ਵਿਚ, ਲੋਕੀਂ ਫਾਹੇ ਬੁੱਢੇ ਅਤੇ ਅਣ ਵਿਆਹੇ, ਉਹ ਵੀ ਮੋਇਆ ਚੰਗਾ ਹੋਇਆ, ਜੋ ਵੀ ਹੋਇਆ ਚੰਗਾ ਹੋਇਆ।

*(ਲੋਕ ਨਵੇਂ ਰਾਜੇ ਨੂੰ ਮੋਢਿਆਂ 'ਤੇ ਚੁੱਕਕੇ ਲਿਆਉਂਦੇ ਹਨ। ਝੋਲੀ ਚੁੱਕ ਤਿੰਨੇ ਨਾਲ ਹਨ।)*

ਚੋਲੀ ਚੁੱਕ : 1–2 ਨਵਾਂ ਰਾਜਾ ਜ਼ਿੰਦਾਬਾਦ – ਸਾਰੇ – ਜ਼ਿੰਦਾਬਾਦ, ਜ਼ਿੰਦਾਬਾਦ

1 : ਨਵਾਂ ਰਾਜਾ ਕਰੇ ਪ੍ਰਵੇਸ਼

2 : ਸੁਣ ਲਵੋ ਇਹਦਾ ਸਭ ਸੰਦੇਸ਼

1 : ਨਵਾਂ ਰਾਜਾ, ਜ਼ਿੰਦਾਬਾਦ

2 : ਜ਼ਿੰਦਾਬਾਦ – ਜ਼ਿੰਦਾਬਾਦ

ਰਾਜਾ : ਸੰਕਟਕਾਲ ਹੁਣ ਮੁਕ ਗਿਆ ਹੈ

ਚੋਲੀ ਚੁਕ : ਸੈਂਸਰ ਅਸਾਂ ਚੁੱਕ ਲਿਆ ਹੈ – ਜ਼ਿੰਦਾਬਾਦ, ਜ਼ਿੰਦਾਬਾਦ

ਰਾਜਾ : ਸੰਕਟਕਾਲ ਦੀ ਵਧੀਕੀ

1 : ਪੁਗੀ ਇਕ ਇਕ ਕਰਕੇ ਲੀਕੀ – ਜ਼ਿੰਦਾਬਾਦ, ਜ਼ਿੰਦਾਬਾਦ

ਰਾਜਾ : ਕਮਿਸ਼ਨ ਅਸਾਂ ਬਿਠਾ ਦਿੱਤਾ ਹੈ

1 : ਸਾਰਾ ਕੁਝ ਲਿਖਾ ਦਿੱਤਾ ਹੈ – ਜ਼ਿੰਦਾਬਾਦ

ਰਾਜਾ : ਘਰ ਨੂੰ ਜਾਓ ਇਕ ਇਕ ਕਰਕੇ

1 : ਮਸ਼ੀਨ ਚਲਾਓ ਇਕ ਇਕ ਕਰਕੇ – ਜ਼ਿੰਦਾਬਾਦ ਜ਼ਿੰਦਾਬਾਦ

ਰਾਜਾ : ਤੁਹਾਡੀ ਕਿਸਮਤ ਸਾਡੇ ਹਵਾਲੇ

1 : ਅਸੀਂ ਹਾਂ ਹੁਣ ਗੱਦੀਆਂ ਵਾਲੇ – ਜ਼ਿੰਦਾਬਾਦ ਜ਼ਿੰਦਾਬਾਦ

*(ਰਾਜਾ ਜਾਂਦਾ ਹੈ – ਪਿਛੇ ਪਿਛੇ ਲੋਕ ਜਾਂਦੇ ਹਨ। ਥੋੜ੍ਹੀ ਦੇਰ*

*ਲਈ ਸਟੇਜ ਖਾਲੀ ਰਹਿੰਦੀ ਹੈ। ਕਿਰਤੀ ਲੋਕ ਐਕਸ਼ਨ ਕਰਦੇ ਹਨ, ਜਿਸ ਤਰ੍ਹਾਂ ਵੱਡਾ ਪਹੀਆ ਘੁਮਾ ਰਹੇ ਹੋਣ ਤੇ ਇਹ ਆਵਾਜ਼ ਆਉਂਦੀ ਹੈ –)*

ਪਿਛੋਂ ਆਵਾਜ਼ : ਸਮੇਂ ਦਾ ਪਹੀਆ ਚਲ ਪਿਆ ਹੈ। ਸਾਲ ਤਾਂ ਹੁਣ ਇਕ ਲੰਘ ਗਿਆ ਹੈ।

*(ਇਕ ਪਾਸਿਓਂ ਰਾਜਾ ਤੇ ਉਹਦੇ ਝੋਲੀ ਚੁੱਕ ਆਉਂਦੇ ਹਨ– ਤੇ ਦੂਜੇ ਪਾਸਿਓਂ ਕਿਰਤੀ ਲੋਕ ਆਉਂਦੇ ਹਨ ਤੇ ਉਨ੍ਹਾਂ ਦਾ ਆਗੂ ਆਉਂਦਾ ਹੈ।)*

ਆਗੂ : ਰਾਜਿਆ ਰਾਜ ਕਰੇਂਦਿਆ – ਕਦੋਂ ਕੁ ਮਿਲੇਗੀ ਸਭ ਨੂੰ ਰੋਟੀ ? ਕਦੋਂ ਕੁ ਮਿਲੇਗੀ ਸਭ ਨੂੰ ਰੋਜ਼ੀ – ਕਦੋਂ ਕੁ ਮਿਲੇਗਾ ਸਭ ਨੂੰ ਕਪੜਾ – ਕਦੋਂ ਕੁ ਮਿਲੇਗਾ ਸਭ ਨੂੰ ਮਕਾਨ –

ਰਾਜਾ : ਦਸ ਸਾਲਾਂ ਨੂੰ ਮਿਲੇਗੀ ਸਭ ਨੂੰ ਰੋਟੀ – ਵੀਹ ਸਾਲਾਂ ਨੂੰ ਮਿਲੇਗੀ ਸਭ ਨੂੰ ਰੋਜ਼ੀ – ਤੀਹ ਸਾਲਾਂ ਨੂੰ ਮਿਲੇਗਾ ਸਭ ਨੂੰ ਕਪੜਾ – ਚਾਲੀ ਸਾਲਾਂ ਨੂੰ ਮਿਲੇਗਾ ਸਭ ਨੂੰ ਮਕਾਨ –

ਚੋਲੀ ਚੁੱਕ : ਹਾਂ ਹਾਂ ਚਾਲੀ ਸਾਲਾਂ ਨੂੰ ਮਿਲੇਗਾ ਸਭ ਨੂੰ ਮਕਾਨ

ਆਗੂ : ਰਾਜਿਆ ਰਾਜ ਕਰੇਂਦਿਆ ਫੌਰੀ ਕੀ ਹੈ ਤੇਰਾ ਪਲਾਨ ?

ਲੋਕ : ਹਾਂ ਹਾਂ ਫੌਰੀ ਕੀ ਹੈ ਤੇਰਾ ਪਲਾਨ

*(ਰਾਜਾ ਜ਼ਰਾ ਸੋਚਦਾ ਹੈ।)*

ਚੋਲੀ ਚੁੱਕ : ਦਸਦੇ ਹਾਂ ਅਸੀਂ ਆਪਣਾ ਪਲਾਨ, ਦੱਸਦੇ ਹਾਂ ਅਸੀਂ ਆਪਣਾ ਪਲਾਨ

ਰਾਜਾ : ਭੰਨ ਦਿਓ ਬੋਤਲਾਂ ਪੀਓ ਨਾ ਸ਼ਰਾਬ, ਇਹੋ ਹੈ ਸਾਡਾ ਫਰਮਾਨ – ਇਹੋ ਹੈ ਸਾਡਾ ਪਲਾਨ

ਚੋਲੀ ਚੁੱਕ : ਹਾਂ ਹਾਂ ਇਹੋ ਹੈ ਸਾਡਾ ਪਲਾਨ

1 : ਕੀ ਇੰਝ ਰੋਟੀ ਮਿਲ ਜਾਏਗੀ ?

2 : ਕੀ ਇੰਝ ਰੋਜ਼ੀ ਮਿਲ ਜਾਏਗੀ ?

3 : ਕੀ ਇੰਝ ਕਪੜਾ ਮਿਲ ਜਾਏਗਾ ?

4 : ਕੀ ਇੰਝ ਮਕਾਨ ਮਿਲ ਜਾਏਗਾ ?

ਆਗੂ : ਕੀ ਇਹੋ ਹੈ ਤੇਰਾ ਰਾਜ – ਖਲਕਤ ਭੁੱਖੀ – ਖਲਕਤ ਨੰਗੀ – ਖਲਕਤ ਬੇਰੁਜ਼ਗਾਰ – ਕੀ ਸਭ ਰੋਗਾਂ ਦਾ ਇਹੋ ਇਲਾਜ ?

ਰਾਜਾ : ਸਾਰਿਆਂ ਰੋਗਾਂ ਦਾ ਇਕੋ ਇਲਾਜ ਸਵੇਰੇ ਉਠਕੇ ਪੀਓ ਪਿਸ਼ਾਬ

ਚੋਲੀ : ਹਾਂ ਹਾਂ ਸਵੇਰੇ ਉਠਕੇ ਪੀਓ ਪਿਸ਼ਾਬ

1 : ਇਹ ਵੀ ਰਾਜਾ ਨਾਅਰੇਬਾਜ਼

2 : ਇਹ ਵੀ ਰਾਜਾ ਲਾਅਰੇਬਾਜ਼

3 : ਇਹ ਵੀ ਰਾਜਾ ਲਫਾਫੇਬਾਜ਼

ਆਗੂ : ਮੰਗੋ ਰੋਟੀ ਦੇਂਦਾ ਮੂਤ – ਲਤਾਂ ਦੇ ਹਨ ਸਾਰੇ ਭੂਤ – ਗੱਲਾਂ ਨਾਲ ਨਾ ਆਵਣ ਸੂਤ

ਸਾਰੇ : ਹਾਂ ਹਾਂ ਗੱਲਾਂ ਨਾਲ ਨਾ ਆਵਣ ਸੂਤ

ਆਗੂ : ਬਾਹਵਾਂ ਚੁੱਕ ਲਓ – ਝੰਡੇ ਚੁੱਕ ਲਓ – ਖੰਡੇ ਚੁੱਕ ਲਓ – ਡੰਡੇ ਚੁੱਕ ਲਓ – ਹੋ ਜਾਓ ਹੁਣ ਤੁਸੀਂ ਤਿਆਰ – ਜਿੱਤਣ ਲਈ ਹੁਣ ਭੁੱਖ ਦੀ ਜੰਗ – ਚੁਕਣੇ ਪੈਣੇ ਹਨ ਹਥਿਆਰ

ਰਾਜਾ : ਸ਼ਾਂਤੀ ਸ਼ਾਂਤੀ ਸ਼ਾਂਤੀ – ਕਾਨੂੰਨ ਨੂੰ ਨਾ ਪਾਵੋ ਹੱਥ – ਚਲਦੀ ਇਸ ਨਾਲ ਦੇਸ਼ ਦੀ ਰੱਥ – ਇਹ ਤੁਹਾਨੂੰ ਭੜਕਾ ਰਿਹਾ ਹੈ – ਪੁਠੇ ਰਾਹੇ ਪਾ ਰਿਹਾ ਹੈ – ਇਹ ਹੈ ਇਕ ਏਜੈਂਟ ਬਦੇਸ਼ੀ – ਤੁਸੀਂ ਸੁਣੋ ਗੱਲ ਸੁਦੇਸ਼ੀ।

ਚੋਲੀ ਚੁੱਕ : ਹਾਂਹਾਂ ਗੱਲ ਸੁਦੇਸ਼ੀ

ਆਗੂ : ਨਹੀਂ ਨਹੀਂ ਨਹੀਂ – ਨਹੀਂ ਨਹੀਂ ਨਹੀਂ – ਨਹੀਂ ਨਹੀਂ ਨਹੀਂ

ਰਾਜਾ : ਜ਼ੋਰ ਲਗਾ ਲੈ – ਸ਼ੋਰ ਮਚਾ ਲੈ – ਪੁੱਠੇ ਹੋ ਲੈ – ਸਿੱਧੇ ਹੋ ਲੈ – ਪੰਜ ਸਾਲ ਅਸੀਂ ਗੱਦੀ ਬਹਿਣਾ – ਘਾਈਆਂ ਦੇ ਪੁੱਤ ਘਾਈ ਹੈ ਰਹਿਣਾ

ਆਗੂ : ਅਸੀਂ ਚੁੱਪ ਨਹੀਂ ਬੈਠੇ ਰਹਿਣਾ – ਘਾਈਆਂ ਦੇ ਪੁੱਤ ਘਾਈ ਨਹੀਂ ਰਹਿਣਾ

ਚੋਲੀ ਚੁੱਕ : ਘਾਈਆਂ ਦੇ ਪੁੱਤ ਘਾਈ ਹੈ ਰਹਿਣਾ

ਲੋਕ : ਘਾਈਆਂ ਦੇ ਪੁੱਤ ਘਾਈ ਨਹੀਂ ਰਹਿਣਾ

ਚੋਲੀ ਚੁੱਕ : (ਗੁੱਸੇ ਨਾਲ) ਘਾਈਆਂ ਦੇ ਪੁੱਤ ਘਾਈ ਹੈ ਰਹਿਣਾ

ਲੋਕ : (ਜੋਸ਼ ਨਾਲ) ਘਾਈਆਂ ਦੇ ਪੁੱਤ ਘਾਈ ਨਹੀਂ ਰਹਿਣਾ

ਚੋਲੀ ਚੁੱਕ : (ਹੋਰ ਗੁੱਸੇ ਨਾਲ) ਘਾਈਆਂ ਦੇ ਪੁੱਤ ਘਾਈ ਹੈ ਰਹਿਣਾ

ਲੋਕ : (ਹੋਰ ਜੋਸ਼ ਨਾਲ) ਘਾਈਆਂ ਦੇ ਪੁੱਤ ਘਾਈ ਨਹੀਂ ਰਹਿਣਾ

ਚੋਲੀ ਚੁੱਕ : (ਪੂਰੇ ਗੁੱਸੇ ਨਾਲ ਅੱਗੇ ਵਧਦੇ ਹਨ) ਘਾਈਆਂ ਦੇ ਪੁੱਤ ਘਾਈ ਹੈ ਰਹਿਣਾ

ਲੋਕ : (ਪੂਰੇ ਜੋਸ਼ ਨਾਲ ਅੱਗੇ ਵਧਦੇ ਹਨ) ਘਾਈਆਂ ਦੇ ਪੁੱਤ ਘਾਈ ਨਹੀਂ ਰਹਿਣਾ

ਚੋਲੀ ਚੁੱਕ : ਖੋਟ ਕਰੋ – ਖੋਟ ਕਰੋ – ਦੇਖੋ ਰਾਜੇ ਦੀ ਗੱਦੀ – ਕਿੰਨੀ ਉਚੀ – ਕਿੰਨੀ ਉਚੀ

*(ਦੋ ਝੋਲੀ ਚੁੱਕ ਘੋੜੀਆਂ ਬਣਦੇ ਹਨ – ਤੇ ਰਾਜਾ ਉਨ੍ਹਾਂ ਦੀਆਂ ਪਿੱਠਾਂ 'ਤੇ ਖਲੋ ਜਾਂਦਾ ਹੈ।)*

*(ਇੰਨੇ ਚਿਰ ਵਿਚ ਲੋਕ ਆਪਣੇ ਆਗੂ ਨੂੰ ਚੁੱਕ ਕੇ ਮੋਢਿਆਂ 'ਤੇ ਖੜਾ ਕਰ ਲੈਂਦੇ ਹਨ ਤੇ ਆਗੂ ਆਪਣੇ ਪੂਰੇ ਜੋਸ਼ ਨਾਲ ਬੋਲਦਾ ਹੈ।)*

ਆਗੂ : ਲੋਕ ਸ਼ਕਤੀ ਸਭ ਤੋਂ ਉਚੀ – ਸਭ ਤੋਂ ਉਚੀ
ਅੱਜ ਦੇ ਯੁਗ ਦਾ ਇਹ ਹੈ ਕਹਿਣਾ –
ਘਾਈਆਂ ਦੇ ਪੁੱਤ ਘਾਈ ਨਹੀਂ ਰਹਿਣਾ

*(ਸਾਰੇ ਲੋਕ ਹੱਥ ਚੁੱਕਦੇ ਹਨ ਤੇ ਝੋਲੀ ਚੁੱਕ ਡੌਰ ਭੌਰ ਹੋਕੇ ਉਨ੍ਹਾਂ ਵੱਲ ਵੇਖਦੇ ਰਹਿੰਦੇ ਹਨ।)*